ਸਚੁ ਸੁਣਾਇਸੀ ਸਚ ਕੀ ਬੇਲਾ
ਰੋਜ਼ਾਨਾ ਸਪੋਕਸਮੈਨ
ਸਪਤਾਹਿਕੀ
ਐਤਵਾਰ, 26 ਜਨਵਰੀ, 2014

ਉਦਾਸ ਤੇ ਨਿਰਾਸ਼ ਕਰਦੇ ਕੌਮੀ ਤਿਉਹਾਰ

ਜਿਸ ਚੀਜ਼ ਦਾ ਇਸਤੇਮਾਲ ਨਹੀਂ ਹੁੰਦਾ, ਉਸ ਨੂੰ ਜ਼ੰਗ ਲੱਗ ਜਾਂਦਾ ਹੈ। ਜਿਹੜੇ ਦੇਸ਼ਾਂ ਨੇ ਆਜ਼ਾਦੀ ਦਾ ਸਹੀ ਇਸਤੇਮਾਲ ਕੀਤਾ, ਉਹ ਮਜ਼ਬੂਤ ਹੁੰਦੇ ਚਲੇ ਗਏ। ਉਥੇ ਨੇਤਾ, ਮੰਤਰੀ, ਪੂੰਜੀਪਤੀ, ਅਫ਼ਸਰ, ਟਾਊਟ, ਤਸਕਰ, ਗੁੰਡੇ ਜਿਨ੍ਹਾਂ ਲਈ ਆਜ਼ਾਦੀ ਸਿਰਫ਼ ਗਹਿਣਾ ਸੀ, ਕਮਜ਼ੋਰ ਹੁੰਦੇ ਗਏ। ਆਜ਼ਾਦੀ ਕੋਈ ਟੂਮ-ਛੱਲਾ ਨਹੀਂ ਜਿਸ ਨੂੰ ਪਾ ਕੇ ਆਪਾਂ ਮਟਕਦੇ ਫਿਰੀਏ। ਆਜ਼ਾਦੀ ਇਕ ਅਜਿਹੀ ਪਹੀ ਹੈ ਜਿਹੜੀ ਰਾਜਨੀਤਕ ਆਜ਼ਾਦੀ ਤੋਂ ਆਰਥਕ ਆਜ਼ਾਦੀ ਤਕ, ਆਰਥਕ ਆਜ਼ਾਦੀ ਤੋਂ ਸਮਾਜਕ ਆਜ਼ਾਦੀ ਤਕ, ਸਮਾਜਕ ਆਜ਼ਾਦੀ ਤੋਂ ਨਿੱਜੀ ਆਜ਼ਾਦੀ ਤਕ ਜਾਂਦੀ ਹੈ। ਫੋਕੀ ਆਜ਼ਾਦੀ ਦਾ ਕੋਈ ਮਤਲਬ ਨਹੀਂ ਹੁੰਦਾ। ਇਹੀ ਕਾਰਨ ਹੈ ਕਿ ਹਰ ਕੌਮੀ ਦਿਹਾੜਾ, ਬੀਤੇ ਦਿਹਾੜਿਆਂ ਤੋਂ ਜ਼ਿਆਦਾ ਉਦਾਸ, ਜ਼ਿਆਦਾ ਨਿਰਾਸ਼ ਹੁੰਦਾ ਜਾਂਦਾ ਹੈ। ਆਜ਼ਾਦੀ ਦੇ 66 ਵਰ੍ਹੇ ਬੀਤ ਚੁੱਕੇ ਹਨ ਪਰ ਅਸੀ ਭੁਲਣਾ ਹੀ ਨਹੀਂ ਚਾਹੁੰਦੇ। ਜਿਵੇਂ ਆਜ਼ਾਦੀ ਕੋਈ ਅੱਲਾਦੀਨ ਦਾ ਚਿਰਾਗ਼ ਹੋਵੇ ਜਿਸ ਨੂੰ ਰਗੜਦਿਆਂ ਹੀ ਹਰ ਸਮੱਸਿਆ ਹੱਲ ਹੋ ਜਾਵੇਗੀ। ਅਸੀ ਅਪਣੇ ਰਾਸ਼ਟਰੀ ਤਿਉਹਾਰਾਂ ਦੇ ਦਿਨ ਉਦਾਸ ਅਤੇ ਹੋਰ ਨਿਰਾਸ਼ ਹੁੰਦੇ ਚਲੇ ਜਾਂਦੇ ਹਾਂ।

ਸੁਰਿੰਦਰ ਬਾਂਸਲ

ਜਿਵੇਂ-ਜਿਵੇਂ ਦਿਨ ਬੀਤਦੇ ਜਾਂਦੇ ਹਨ, ਵਿਆਹ ਦੀ ਵਰ੍ਹੇ ਗੰਢ ਵਾਂਗ ਸਾਡੇ ਕੌਮੀ ਤਿਉਹਾਰ ਵੀ ਫਿੱਕੇ ਹੁੰਦੇ ਜਾਂਦੇ ਹਨ। ਨਵੇਂ ਵਿਆਹ ਦੀ ਵਰ੍ਹੇ ਗੰਢ ਇੰਜ ਧੂਮਧਾਮ ਨਾਲ ਮਨਾਈ ਜਾਂਦੀ ਜਿਵੇਂ ਵਿਆਹ ਦੀ ਤਰੀਕ ਉਨ੍ਹਾਂ ਦੀ ਜ਼ਿੰਦਗੀ ਦੀ ਕੋਈ ਇਤਿਹਾਸਕ ਤਰੀਕ ਹੋਵੇ -- ਖ਼ੁਸ਼ੀਆਂ ਅਤੇ ਤ੍ਰਿਪਤੀ ਦੀ ਕੋਈ ਮਹਾਂ-ਯਾਤਰਾ ਦੀ ਨਵੀਂ ਸ਼ੁਰੂਆਤ। ਪਰ ਸਿਰਫ਼ ਦੋ-ਚਾਰ ਸਾਲ। ਉਸ ਤੋਂ ਬਾਅਦ ਸੱਭ ਕੁੱਝ ਆਮ ਵਾਂਗ ਹੋ ਜਾਂਦਾ ਹੈ। ਫਿਰ ਜਦੋਂ ਵੀ ਵਿਆਹ ਦੀ ਵਰ੍ਹੇਗੰਢ ਆਉਂਦੀ ਹੈ, ਦਿਲ ਪਹਿਲਾਂ ਵਾਂਗ ਨਹੀਂ ਧੜਕਦਾ। ਕੋਈ ਚਾਅ ਵਰਗਾ ਚਾਅ ਅਤੇ ਜੋਸ਼ ਨਹੀਂ ਚੜ੍ਹਦਾ ਕਿਉਂਕਿ ਬੀਤੇ ਵਰ੍ਹਿਆਂ 'ਚ ਵਿਆਹ ਦੇ ਲਗਭਗ ਸਾਰੇ ਭੇਤ ਖੁੱਲ੍ਹ ਚੁੱਕੇ ਹੁੰਦੇ ਹਨ। ਅਕਸਰ ਕਈ ਲੋਕ ਉਸ ਦਿਨ ਉਦਾਸ ਹੁੰਦੇ ਹਨ। ਉਹ ਸੋਚਦੇ ਹਨ ਕਿ ਚੰਗਾ ਹੁੰਦਾ ਜੇਕਰ ਵਿਆਹ ਨਾ ਹੀ ਹੁੰਦਾ। ਕਈ ਵਰ੍ਹਿਆਂ ਬਾਅਦ ਯਾਦ ਹੀ ਨਹੀਂ ਰਹਿੰਦਾ ਕਿ ਆਖ਼ਰ ਵਿਆਹ ਹੋਇਆ ਕਿਹੜੇ ਦਿਨ ਸੀ।

ਕੀ ਦੇਸ਼ਵਾਸੀਆਂ ਨਾਲ ਵੀ ਅਜਿਹਾ ਕੁੱਝ ਹੀ ਨਹੀਂ ਹੋਇਆ? ਜਦੋਂ ਆਜ਼ਾਦੀ ਮਿਲੀ ਸੀ, ਕਿੰਨਾ ਉਤਸ਼ਾਹ ਸੀ, ਖ਼ੁਸ਼ੀ ਸੀ, ਕਿੰਨੇ ਸੁਪਨੇ, ਕਿੰਨੀਆਂ ਉਮੀਦਾਂ ਸਨ। 15 ਅਗੱਸਤ ਅਤੇ 26 ਜਨਵਰੀ ਦਾ ਦਿਨ ਕੌਮੀ ਤਿਉਹਾਰ ਦੇ ਰੂਪ 'ਚ ਬਦਲ ਜਾਂਦਾ ਸੀ। ਹਰ ਸ਼ਹਿਰ, ਕਸਬੇ 'ਚ ਪ੍ਰਭਾਤ ਫੇਰੀਆਂ ਨਿਕਲਦੀਆਂ। ਤਿਰੰਗੇ ਝੰਡਿਆਂ ਨਾਲ ਗਲੀ-ਮੁਹੱਲੇ ਸਜਦੇ। ਸਭਾਵਾਂ, ਤਕਰੀਰਾਂ, ਗੋਸ਼ਟੀਆਂ ਅਤੇ ਜ਼ਬਰਦਸਤ ਕਵੀ ਸੰਮੇਲਨ ਹੁੰਦੇ। ਸਚਮੁਚ ਇਹ ਦੋਵੇਂ ਦਿਨ ਜੋਸ਼ ਅਤੇ ਬੇਹਦ ਮੁਹੱਬਤ ਨਾਲ ਮਨਾਏ ਜਾਂਦੇ ਸਨ।

ਕਿਉਂ ਸੀ ਇਹ ਨਸ਼ਾ ਅਤੇ ਮੁਹੱਬਤ? ਗ਼ੁਲਾਮੀ ਬਰਦਾਸ਼ਤ ਨਹੀਂ ਸੀ ਹੁੰਦੀ। ਹਰ ਬੁਰਾਈ ਦੀ ਜੜ੍ਹ 'ਚ ਗ਼ੁਲਾਮੀ ਹੀ ਗ਼ੁਲਾਮੀ ਨਜ਼ਰ ਆਉਂਦੀ ਸੀ। ਪਰਾਏ ਹਾਕਮਾਂ ਦੀ ਲੁੱਟ-ਖੋਹ, ਸ਼ੋਸ਼ਣ, ਅਪਮਾਨ, ਦਮਨ ਤੋਂ ਮੁਕਤੀ ਦਾ ਇਕੋ-ਇਕ ਰਸਤਾ ਸੀ--ਆਜ਼ਾਦੀ। ਆਜ਼ਾਦ ਹੋਵਾਂਗੇ ਤਾਂ ਖ਼ੁਸ਼ਹਾਲ ਵੀ ਹੋਵਾਂਗੇ। ਸਿਆਸਤਦਾਨ, ਆਜ਼ਾਦ ਹਿੰਦੋਸਤਾਨ ਦੀ ਰੰਗੀਨ ਤਸਵੀਰ ਵਿਖਾ ਰਹੇ ਸਨ। ਗਾਂਧੀ, ਪਿੰਡ-ਪਿੰਡ ਘੁੰਮ ਕੇ ਦਸਦੇ ਕਿ ਮੇਰੇ ਸੁਪਨਿਆਂ ਦਾ ਭਾਰਤ ਕਿਹੋ ਜਿਹਾ ਹੋਵੇਗਾ। ਨਹਿਰੂ, ਭ੍ਰਿਸ਼ਟਾਚਾਰੀਆਂ ਨੂੰ ਬਿਜਲੀ ਦੇ ਨੇੜਲੇ ਖੰਭੇ 'ਤੇ ਫਾਂਸੀ 'ਤੇ ਟੰਗਣ ਦੀ ਸਲਾਹ ਦਿੰਦੇ ਸਨ। ਪਟੇਲ, ਦੇਸ਼ ਦੇ ਸਭਨਾਂ ਕਿਸਾਨਾਂ ਦੀ ਆਤਮਾ ਬਣ ਕੇ ਉਭਰ ਰਹੇ ਸਨ। ਸੁਭਾਸ਼ ਬੋਸ, ਚੰਦਰ ਸ਼ੇਖ਼ਰ 'ਆਜ਼ਾਦ', ਭਗਤ ਸਿੰਘ ਹੋਰਾਂ ਦੀਆਂ ਅੱਖਾਂ 'ਚ ਲੱਖਾਂ ਸੁਪਨੇ ਸਨ। ਲੋਹੀਆ, ਅੰਬੇਦਕਰ ਅਤੇ ਕ੍ਰਿਪਲਾਨੀ ਹਰ ਤਰ੍ਹਾਂ ਦੇ ਸ਼ੋਸ਼ਣ ਵਿਰੁਧ ਸਨ। ਸ੍ਰੀ ਅਰਵਿੰਦੋ ਅਤੇ ਵਿਨੋਬਾ, ਸੁੱਤੀਆਂ ਆਤਮਾਵਾਂ ਨੂੰ ਜਗਾਉਣ ਦੇ ਵੱਡੇ ਪ੍ਰਯੋਗਾਂ 'ਚ ਲੱਗੇ ਹੋਏ ਸਨ। ਇਹ ਸਾਰੇ ਜਜ਼ਬੇ ਅਤੇ ਹਾਲਾਤ ਦੇਸ਼ ਵਾਸੀਆਂ ਨੂੰ ਹਲੂਣਦੇ ਸਨ।

ਅੰਗਰੇਜ਼ ਗਏ ਤਾਂ ਇੰਜ ਲੱਗਾ ਕਿ ਹੁਣ ਸਾਰੀਆਂ ਸਮੱਸਿਆਵਾਂ ਦਾ ਅੰਤ ਹੋ ਜਾਵੇਗਾ ਕਿਉਂਕਿ ਹੁਣ ਅਸੀ ਆਜ਼ਾਦ ਹਾਂ। ਹੁਣ ਕੌਣ ਹੈ ਸਾਡਾ ਰਾਹ ਰੋਕਣ ਵਾਲਾ? ਨਹਿਰੂ, 1947 ਤੋਂ 1964 ਤਕ ਦੇਸ਼ ਦੇ ਮੋਢੀ ਰਹੇ। ਪਰ ਗ਼ਰੀਬੀ, ਖ਼ਤਮ ਹੋਣ ਦੀ ਥਾਂ ਹੋਰ ਵਧਦੀ ਗਈ। ਨਹੀਂ ਮੁਕਿਆ ਭ੍ਰਿਸ਼ਟਾਚਾਰ ਸਗੋਂ ਹੋਰ ਅਨੰਤ ਹੋਇਆ। ਨਹੀਂ ਹੋਇਆ ਦੇਸ਼ ਅਮੀਰ ਸਗੋਂ ਵਿਦੇਸ਼ੀ ਕਰਜ਼ ਨਾਲ ਦੇਸ਼ ਦੀ ਗਰਦਨ ਝੁਕਦੀ ਅਤੇ ਮੁੜਦੀ ਗਈ। ਸਾਰੇ ਹੱਕ ਖੋਹ ਕੇ ਮਿਲਿਆ ਸਿਰਫ਼ ਇਕ ਅਧਿਕਾਰ, ਉਹ ਵੀ ਪੰਜ ਸਾਲ 'ਚ ਵੋਟ ਪਾਉਣ ਦਾ।

ਸੁਪਨਿਆਂ ਦੇ ਹੋਏ ਇਸ ਘਾਣ ਦੇ ਬਾਵਜੂਦ, ਦੇਸ਼ ਦੇ ਕਰੋੜਾਂ ਲੋਕ, ਅੱਜ ਵੀ ਕੌਮੀ ਤਿਉਹਾਰਾਂ ਨੂੰ, ਨਵੇਂ ਅਤੇ ਸੁਚੱਜੇ ਸਮਾਜ ਦੇ ਸੁਪਨਿਆਂ ਨਾਲ ਜੋੜਦੇ ਹਨ। ਆਜ਼ਾਦੀ ਦੇ 66 ਵਰ੍ਹੇ ਬੀਤ ਚੁੱਕੇ ਹਨ ਪਰ ਅਸੀ ਭੁਲਣਾ ਹੀ ਨਹੀਂ ਚਾਹੁੰਦੇ। ਜਿਵੇਂ ਆਜ਼ਾਦੀ ਕੋਈ ਅੱਲਾਦੀਨ ਦਾ ਚਿਰਾਗ਼ ਹੋਵੇ ਜਿਸ ਨੂੰ ਰਗੜਦਿਆਂ ਹੀ ਹਰ ਸਮੱਸਿਆ ਹੱਲ ਹੋ ਜਾਵੇਗੀ। ਅਸੀ ਅਪਣੇ ਰਾਸ਼ਟਰੀ ਤਿਉਹਾਰਾਂ ਦੇ ਦਿਨ ਉਦਾਸ ਅਤੇ ਹੋਰ ਨਿਰਾਸ਼ ਹੁੰਦੇ ਚਲੇ ਜਾਂਦੇ ਹਾਂ।

ਅਸਲ ਗੱਲ ਇਹ ਹੈ ਕਿ ਗੁਜ਼ਰੇ 66 ਸਾਲਾਂ 'ਚ ਅਸੀ 'ਆਜ਼ਾਦੀ' ਸ਼ਬਦ ਤੋਂ ਧੋਖਾ ਖਾਂਦੇ ਆ ਰਹੇ ਹਾਂ। ਆਪਾਂ ਸਭਨਾਂ ਨੇ ਆਜ਼ਾਦੀ ਨੂੰ ਇਕ ਤਾਵੀਜ਼ ਵਾਂਗ ਗਲ 'ਚ ਲਟਕਾਇਆ ਹੋਇਆ ਹੈ ਅਤੇ ਸਮਝ ਰਹੇ ਹਾਂ ਕਿ ਇਸ ਨਾਲ ਸਾਰੇ ਕਲੇਸ਼ ਮੁੱਕ ਜਾਣਗੇ। ਪਰ, ਆਜ਼ਾਦੀ ਜਿਹਾ ਅਧੂਰਾ ਸ਼ਬਦ ਉਦੋਂ ਪੂਰਾ ਹੁੰਦਾ ਹੈ ਜਦੋਂ ਅਸੀ ਇਸ ਦਾ ਸਹੀ ਇਸਤੇਮਾਲ ਕਰਦੇ ਹਾਂ। ਕਿਉਂਕਿ ਆਜ਼ਾਦੀ ਕੋਈ ਸੂਰਜ ਨਹੀਂ ਜਿਸ 'ਚੋਂ ਆਪਣੇ-ਆਪ ਰੋਸ਼ਨੀ ਆਉਂਦੀ ਰਹੇਗੀ। ਆਜ਼ਾਦੀ ਕੋਈ ਨਦੀ ਵੀ ਨਹੀਂ ਜਿਸ ਨਾਲ ਹਮੇਸ਼ਾ ਹੀ ਆਪਾਂ ਪਿਆਸ ਬੁਝਾਉਂਦੇ ਰਹਾਂਗੇ। ਨਾ ਹੀ ਆਜ਼ਾਦੀ ਕੋਈ ਲੰਗਰਖ਼ਾਨਾ ਹੈ ਜਿਥੇ ਹਰ ਵੇਲੇ ਮੁਫ਼ਤ ਰੋਟੀ ਮਿਲਦੀ ਰਹੇਗੀ। ਨਾ ਹੀ ਆਜ਼ਾਦੀ ਕਿਸੇ ਘਾਗ ਸਿਆਸੀ ਪਾਰਟੀ ਜਾਂ ਚਾਲੂ ਸਿਆਸੀ ਪਾਰਟੀ ਦਾ ਉਹ ਚੋਣ ਮਨੋਰਥ ਪੱਤਰ ਹੈ ਜਿਸ ਵਿਚ ਬਿਜਲੀ ਮੁਫ਼ਤ, ਪਾਣੀ ਮੁਫ਼ਤ ਜਾਂ ਸਬਸਿਡੀਆਂ ਦੇ ਫ਼ਰਜ਼ੀ ਐਲਾਨ ਛਪੇ ਹੁੰਦੇ ਹਨ। ਲੋਕਤੰਤਰ, ਮੁਫ਼ਤਖ਼ੋਰੀ ਜਾਂ ਮੁਫ਼ਤਖ਼ੋਰਾਂ ਨਾਲ ਮਜ਼ਬੂਤ ਨਹੀਂ ਹੁੰਦਾ ਸਗੋਂ ਆਜ਼ਾਦੀ ਉਦੋਂ ਮਜ਼ਬੂਤ ਹੁੰਦੀ ਹੈ ਜਦੋਂ ਉਥੋਂ ਦਾ ਹਰ ਵਸਨੀਕ ਹਰ ਸਹੂਲਤ ਦਾ ਬਿਲ ਚੁਕਾਉਣ 'ਚ ਕਾਬਲ ਹੋ ਸਕੇ। ਜਦੋਂ ਤਕ ਆਜ਼ਾਦੀ ਤੋਂ ਅਸੀ ਕੋਈ ਉਮੀਦ ਰਖਦੇ ਹਾਂ ਤਾਂ ਇਸ ਦਾ ਸਿਰਫ਼ ਇਕੋ-ਇਕ ਮਤਲਬ ਹੈ ਕਿ ਅਸੀ ਆਜ਼ਾਦ ਨਹੀਂ ਹੋਏ, ਸਾਡੀ ਗ਼ੁਲਾਮੀ ਨਹੀਂ ਗਈ। ਦੂਜਿਆਂ 'ਤੇ ਸਾਡੀ ਨਿਰਭਰਤਾ ਘਟੀ ਨਹੀਂ। ਜਿਹੜਾ ਆਜ਼ਾਦ ਹੁੰਦਾ ਹੈ ਉਹ ਕੁੱਝ ਮੰਗਦਾ ਨਹੀਂ, ਕਿਸੇ ਤੋਂ ਉਮੀਦ ਨਹੀਂ ਕਰਦਾ। ਉਹ ਅਪਣੇ ਹੱਕਾਂ ਲਈ ਤਹਿਜ਼ੀਬ ਦੇ ਦਾਇਰੇ 'ਚ ਰਹਿ ਕੇ ਸੰਘਰਸ਼ ਕਰਦਾ ਹੈ। ਉਹ ਸੰਘਰਸ਼ਾਂ ਦੇ ਰਸਤਿਆਂ 'ਚ

ਸਰਬੱਤ ਦੇ ਭਲੇ ਲਈ ਅਪਣੇ ਤਰਕਾਂ ਦੀਆਂ ਨੋਕਾਂ ਨੂੰ ਨਿਮਰਤਾ ਦੀ ਸਾਣ 'ਤੇ ਤਿੱਖਾ ਕਰਦਾ ਹੈ, ਪ੍ਰੇਮ ਦੀ ਬੂੰਦ ਬੂੰਦ ਨਾਲ ਸਿੰਜਦਾ ਹੈ। ਵਿਹਲੜ, ਨਿਕੰਮੇ, ਢੱਗੇ, ਸ਼ਰਾਬੀਆਂ, ਕਬਾਬੀਆਂ ਲਈ ਆਜ਼ਾਦੀ ਇਕ ਝੂਠਾ ਅਤੇ ਅਧੂਰਾ ਲਫ਼ਜ਼ ਹੈ।

ਆਖ਼ਰ ਆਜ਼ਾਦੀ ਦਾ ਅਰਥ ਹੈ ਕੀ? ਸੱਭ ਤੋਂ ਪਹਿਲਾਂ ਇਹ ਜਗਿਆਸਾ ਕਿ ਅਸੀ ਕਿਸ ਹੱਦ ਤਕ ਆਜ਼ਾਦ ਹਾਂ, ਸਾਡੇ ਅਧਿਕਾਰਾਂ ਦੀ ਸੀਮਾ ਕਿਥੋਂ ਤਕ ਹੈ, ਸਾਡੇ ਫ਼ਰਜ਼ ਕੀ ਹਨ? ਕਿੰਨੀ ਦੂਰ ਤਕ ਜਾਂਦਾ ਹੈ ਸਾਡਾ ਹੱਕ? ਜਿਹੜੇ ਲੋਕ ਸਾਡੇ 'ਤੇ ਰਾਜ ਕਰ ਰਹੇ ਹਨ, ਉਹ ਆਖ਼ਰ ਕਰ ਕੀ ਰਹੇ ਹਨ? ਗ਼ਲਤ ਕਰ ਰਹੇ ਹਨ ਜਾਂ ਸਹੀ? ਸਿਰਫ਼ ਵੋਟ ਦੀ ਵਰਤੋਂ ਨਾਲ ਆਜ਼ਾਦੀ ਮਜ਼ਬੂਤ ਨਹੀਂ ਹੁੰਦੀ। ਪੰਜ ਸਾਲ ਬਾਅਦ ਉਂਗਲ 'ਤੇ ਵੋਟ ਦੀ ਸਿਆਹੀ ਲਗਵਾਉਣ ਦਾ ਮਤਲਬ ਹੈ ਕਿਸੇ ਪਠਾਣ ਦੀ ਕੋਰੀ ਵਹੀ 'ਤੇ ਅੰਗੂਠਾ ਲਗਾਉਣਾ, ਕੰਡੇ ਨਾਲ ਕੰਡਾ ਕਢਣਾ। ਆਜ਼ਾਦੀ ਦਾ ਦੂਜਾ ਅਰਥ ਹੈ ਕੰਮ। ਜੇਕਰ ਰੁਜ਼ਗਾਰ ਸਾਡਾ ਹੱਕ ਹੈ ਤਾਂ ਸਾਨੂੰ ਰੁਜ਼ਗਾਰ ਕਿਉਂ ਨਹੀਂ ਮਿਲਦਾ? ਜੇਕਰ ਅਸੀ ਆਜ਼ਾਦ ਹਾਂ ਤਾਂ ਬਹੁਤ ਸਾਰੇ ਲੋਕ ਕੁੱਝ ਕੁ ਲੋਕਾਂ ਦੇ ਹੀ ਨੌਕਰ ਕਿਉਂ ਹਨ? ਕੀ ਆਜ਼ਾਦੀ ਵੀ ਹਿੱਸੇ, ਪੋਟਲੀ ਜਾਂ ਪੰਡ ਦੀ ਖੇਡ ਹੈ? ਆਜ਼ਾਦ ਨਾਗਰਿਕਾਂ ਦੇ ਸੁਚੇਤ ਦਖ਼ਲ ਨਾਲ ਹੀ ਇਸ ਦਾ ਸਹੀ ਜਵਾਬ ਨਿਕਲ ਸਕਦਾ ਹੈ। ਪਰ ਅੱਜ ਸਮਾਜਕ ਸੰਗਠਨਾਂ ਦੀ ਹਾਲਤ ਬਿਲਕੁਲ ਉਹੀ ਹੈ ਜਿਹੜੀ ਅੰਗਰੇਜ਼ਾਂ ਸਮੇਂ ਦੇਸ਼ ਦੇ ਲੋਕਾਂ ਦੀ ਸੀ -- ਥੱਕੇ-ਟੁੱਟੇ, ਖੇਰੂੰ-ਖੇਰੂੰ। ਅਜਿਹੀ ਹਾਲਤ 'ਚ ਕੁੱਝ ਕੁ ਲੋਕ ਹੀ ਆਜ਼ਾਦੀ ਦਾ ਫ਼ਾਇਦਾ ਲੈ ਰਹੇ ਹਨ ਅਤੇ ਇਹੀ ਹੁੰਦਾ ਰਹੇਗਾ। ਇਹ ਕੋਈ ਗੁੰਝਲਬਾਟਾ ਨਹੀਂ ਸਗੋਂ ਮੋਟਾ ਜਿਹਾ ਹਿਸਾਬ ਹੈ ਕਿ ਆਪਾਂ ਸਭਨਾਂ ਆਜ਼ਾਦ ਦੇਸ਼ ਵਾਸੀਆਂ ਨੂੰ, ਕੁੱਝ ਥੋੜੇ ਜ਼ਿਆਦਾ ਆਜ਼ਾਦ ਲੋਕ, ਰੱਜ ਕੇ ਝੁਰਲੂ ਬਣਾ ਰਹੇ ਹਨ।

ਆਜ਼ਾਦੀ ਦਾ ਇਕ ਹੋਰ ਅਰਥ ਅਸਹਿਮਤੀ ਵੀ ਹੈ। ਜਿਹੜੀਆਂ ਨੀਤੀਆਂ ਸਾਡੀ ਆਜ਼ਾਦੀ ਵਿਰੁਧ ਹਨ, ਉਨ੍ਹਾਂ ਵਿਰੁਧ ਪੂਰੀ ਹਿੰਮਤ ਨਾਲ ਅਪਣੇ ਵਿਚਾਰ ਰੱਖਣ ਦੀ ਆਜ਼ਾਦੀ -- ਮਾਤਾ ਤ੍ਰਿਪਤਾ ਦੇ ਤ੍ਰਿਪਤ ਪੁੱਤਰ ਦੀ ਬਾਣੀ ਤੋਂ ਸੇਧ ਲੈ ਕੇ "ਰੋਸ ਨਾ ਕੀਜੈ, ਉਤਰ ਦੀਜੈ' ਜਹੀ ਆਜ਼ਾਦੀ। ਸਿਰਫ਼ ਆਜ਼ਾਦ ਆਦਮੀ ਵਿਚ ਹੀ ਅਸਹਿਮਤ ਹੋਣ ਦਾ ਮਾਦਾ ਹੁੰਦਾ ਹੈ। 66 ਸਾਲਾਂ 'ਚ ਅਸਹਿਮਤੀ ਦਾ ਸਹੀ ਪ੍ਰਦਰਸ਼ਨ ਸਿਰਫ਼ 1977 ਵਿਚ ਹੀ ਹੋਇਆ ਜਦੋਂ ਸਾਰਾ ਦੇਸ਼ ਰੰਗ-ਬਰੰਗੇ ਫੁੱਲਾਂ ਵਾਂਗ ਗੁੰਦਿਆ ਗਿਆ ਸੀ। ਉਸ ਤੋਂ ਬਾਅਦ ਦੇ ਸੱਭ ਧਰਨੇ, ਪ੍ਰਦਰਸ਼ਨ, ਜੰਤਰ-ਮੰਤਰ ਸਿਰਫ਼ ਸਿਆਸੀ ਮੇਲਿਆਂ ਦੇ ਮੌਸਮੀ ਫੜੀਬਾਜ਼ ਹੀ ਸਾਬਤ ਹੋਏ। ਤਜਰਬਾ ਵੀ ਦਸਦਾ ਹੈ ਕਿ ਅਕਸਰ ਆਪਾਂ ਦੇਸ਼ਵਾਸੀ, ਹਾਲਾਤ ਅੱਗੇ ਡੰਡੌਤ ਹੀ ਕਰਦੇ ਰਹੇ ਹਾਂ। ਸਰਬੱਤ ਦੇ ਭਲੇ ਲਈ 'ਬਸੰਤੀ ਚੋਲੇ' ਜਿਹੇ ਜਜ਼ਬੇ ਨਾਲ ਆਪਾਂ ਕਦੇ ਸੜਕਾਂ 'ਤੇ ਨਹੀਂ ਨਿਕਲੇ। ਪਰ ਸਾਡੀਆਂ ਸ਼ਿਕਾਇਤਾਂ ਬਾਦਸਤੂਰ ਜਾਰੀ ਹਨ ਕਿ 66 ਸਾਲ ਬੀਤ ਗਏ ਪਰ ਬਦਲਿਆ ਕੁੱਝ ਵੀ ਨਹੀਂ। ਸਿਰਫ਼ ਸ਼ਿਕਾਇਤਾਂ ਨਾਲ ਤਬਦੀਲੀ ਨਹੀਂ ਹੁੰਦੀ। ਆਜ਼ਾਦੀ ਕੋਈ ਕਲਪਬਿਰਖ ਨਹੀਂ ਕਿ ਜੋ ਮੰਗਿਆ ਹਾਜ਼ਰ।

ਪਰ ਅਸੀ ਆਜ਼ਾਦੀ ਨੂੰ ਕਲਪਬਿਰਖ ਹੀ ਸਮਝਿਆ। ਇਹੀ ਕਾਰਨ ਹੈ ਕਿ ਦਿਨੋ-ਦਿਨ ਸਾਡੀ ਆਜ਼ਾਦੀ ਫਿੱਕੀ ਹੁੰਦੀ ਹੋਈ ਛਲਣੀ ਹੁੰਦੀ ਚਲੀ ਗਈ। ਜਿਸ ਚੀਜ਼ ਦਾ ਇਸਤੇਮਾਲ ਨਹੀਂ ਹੁੰਦਾ, ਉਸ ਨੂੰ ਜ਼ੰਗ ਲੱਗ ਜਾਂਦਾ ਹੈ। ਜਿਹੜੇ ਦੇਸ਼ਾਂ ਨੇ ਆਜ਼ਾਦੀ ਦਾ ਸਹੀ ਇਸਤੇਮਾਲ ਕੀਤਾ, ਉਹ ਮਜ਼ਬੂਤ ਹੁੰਦੇ ਚਲੇ ਗਏ। ਉਥੇ ਨੇਤਾ, ਮੰਤਰੀ, ਪੂੰਜੀਪਤੀ, ਅਫ਼ਸਰ, ਟਾਊਟ, ਤਸਕਰ, ਗੁੰਡੇ ਜਿਨ੍ਹਾਂ ਲਈ ਆਜ਼ਾਦੀ ਸਿਰਫ਼ ਗਹਿਣਾ ਸੀ, ਕਮਜ਼ੋਰ ਹੁੰਦੇ ਗਏ। ਆਜ਼ਾਦੀ ਕੋਈ ਟੂਮ-ਛੱਲਾ ਨਹੀਂ ਜਿਸ ਨੂੰ ਪਾ ਕੇ ਆਪਾਂ ਮਟਕਦੇ ਫਿਰੀਏ। ਆਜ਼ਾਦੀ ਇਕ ਅਜਿਹੀ ਪਹੀ ਹੈ ਜਿਹੜੀ ਰਾਜਨੀਤਕ ਆਜ਼ਾਦੀ ਤੋਂ ਆਰਥਕ ਆਜ਼ਾਦੀ ਤਕ, ਆਰਥਕ ਆਜ਼ਾਦੀ ਤੋਂ ਸਮਾਜਕ ਆਜ਼ਾਦੀ ਤਕ, ਸਮਾਜਕ ਆਜ਼ਾਦੀ ਤੋਂ ਨਿੱਜੀ ਆਜ਼ਾਦੀ ਤਕ ਜਾਂਦੀ ਹੈ। ਫੋਕੀ ਆਜ਼ਾਦੀ ਦਾ ਕੋਈ ਮਤਲਬ ਨਹੀਂ ਹੁੰਦਾ। ਇਹੀ ਕਾਰਨ ਹੈ ਕਿ ਹਰ ਕੌਮੀ ਦਿਹਾੜਾ, ਬੀਤੇ ਦਿਹਾੜਿਆਂ ਤੋਂ ਜ਼ਿਆਦਾ ਉਦਾਸ, ਜ਼ਿਆਦਾ ਨਿਰਾਸ਼ ਹੁੰਦਾ ਜਾਂਦਾ ਹੈ।

ਨਵਾਂ ਅਤੇ ਨਾ-ਮੁਰਾਦ ਅਰਥ ਸ਼ਾਸਤਰ ਸਾਥੋਂ ਰੁੱਖੀ-ਸੁੱਕੀ ਆਜ਼ਾਦੀ ਵੀ ਖੋਹ ਰਿਹਾ ਹੈ। ਇਸ ਤੋਂ ਮਾੜਾ ਦੌਰ ਵੀ ਸਾਡਾ ਇੰਤਜ਼ਾਰ ਕਰ ਰਿਹਾ ਹੈ -- ਇਕ ਅਜਿਹਾ ਦੌਰ ਜਿਥੇ ਦਰੱਖ਼ਤਾਂ ਤੋਂ ਫੱਲ ਤਾਂ ਫੱਲ, ਸੱਕ ਵੀ ਛਿੱਲ ਲਏ ਜਾਣਗੇ। ਮੁਗ਼ਲਾਂ ਤੋਂ ਪਹਿਲਾਂ ਭਾਰਤ, ਆਜ਼ਾਦ ਪਿੰਡਾਂ ਦਾ ਦੇਸ਼ ਸੀ। ਮੁਗ਼ਲਾਂ ਦੀ ਵੱਢ-ਟੁੱਕ ਤੋਂ ਬਾਅਦ ਭਾਰਤ, ਆਜ਼ਾਦ ਪਿੰਡਾਂ ਦਾ ਗ਼ੁਲਾਮ ਦੇਸ਼ ਬਣਿਆ ਅਤੇ ਅੰਗਰੇਜ਼ਾਂ ਸਮੇਂ ਭਾਰਤ, ਗ਼ੁਲਾਮ ਪਿੰਡਾਂ ਦਾ ਗ਼ੁਲਾਮ ਦੇਸ਼ ਬਣਿਆ। ਹੁਣ ਹਾਲਤ ਇਹ ਹੈ ਕਿ ਭਾਰਤ ਗ਼ੁਲਾਮ ਪਿੰਡਾਂ ਅਤੇ ਕਸਬਿਆਂ ਵਾਲਾ ਆਜ਼ਾਦ ਮੁਲਕ ਹੈ।

ਮਿੱਤਰੋ! ਸੰਸਾਰ 'ਚ ਕਦੇ ਵੀ ਐਨਾ ਕਾਲ ਨਹੀਂ ਪੈਂਦਾ ਕਿ ਕਿਤੇ ਬਸੰਤੀ ਚੋਲੇ ਦੇ ਜਜ਼ਬੇ ਵਾਲੇ ਤਿੰਨ ਸਾਥੀ, ਇਕ ਢੋਲਕੀ, ਇਕ ਛੈਣਾ ਅਤੇ ਇਕ ਚਿਮਟਾ ਵੀ ਨਾ ਲੱਭੇ। ਆਉ! ਆਪਾਂ ਰਲ ਕੇ ਮਨ-ਮਸਤਕ 'ਚ ਕੋਈ ਬਸੰਤੀ ਜਜ਼ਬਾ ਬੀਜੀਏ ਤਾਕਿ ਆਉਣ ਵਾਲੇ ਵਰ੍ਹਿਆਂ ਦੇ ਸਾਡੇ ਕੌਮੀ ਤਿਉਹਾਰ ਉਦਾਸ ਅਤੇ ਨਿਰਾਸ਼ਾ ਭਰੇ ਨਾ ਹੋਣ।

1023, ਪਹਿਲੀ ਮੰਜ਼ਿਲ, ਸੈਕਟਰ 38-ਬੀ, ਚੰਡੀਗੜ੍ਹ
ਮੋਬਾਈਲ : 09988442421

ਗਤਕੇ ਦਾ ਪ੍ਰਦਰਸ਼ਨ ਗਣਤੰਤਰ ਦਿਵਸ ਪ੍ਰੇਡ 'ਤੇ ਕਿਉਂ ਨਹੀਂ?

ਹਰਜਿੰਦਰ ਸਿੰਘ ਖਹਿਰਾ

15 ਅਗੱਸਤ, 1947 ਨੂੰ ਭਾਰਤ ਅੰਗਰੇਜ਼ਾਂ ਦੀ ਗ਼ੁਲਾਮੀ ਦੀ ਪੰਜਾਲੀ ਲਾਹ ਕੇ, ਕੁਰਬਾਨੀਆਂ ਦੇਣ ਤੋਂ ਬਾਅਦ, ਆਜ਼ਾਦ ਹੋ ਗਿਆ। ਇਨ੍ਹਾਂ ਕੁਰਬਾਨੀਆਂ ਵਿਚ ਸੱਭ ਤੋਂ ਵੱਧ ਯੋਗਦਾਨ, ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਅਤੇ ਦੇਸ਼ ਦੀ ਰਾਖੀ ਕਰਨ ਲਈ, ਸਿੱਖਾਂ ਦਾ ਹੀ ਹੈ। 26 ਜਨਵਰੀ, 1950 ਨੂੰ ਆਜ਼ਾਦ ਦੇਸ਼ ਦਾ ਅਪਣਾ ਸੰਵਿਧਾਨ ਵੀ ਲਾਗੂ ਹੋ ਗਿਆ। ਆਜ਼ਾਦੀ ਤੋਂ ਬਾਅਦ ਦੇਸ਼ ਤਰੱਕੀ ਦੀਆਂ ਸਿਖਰਾਂ ਛੂਹਣ ਲੱਗ ਪਿਆ। ਹਰਾ ਇਨਕਲਾਬ, ਚਿੱਟਾ ਇਨਕਲਾਬ (ਦੁੱਧ ਉਤਪਾਦਨ), ਫ਼ੌਜੀ ਤਾਕਤ, ਆਰਥਕ ਤਕਨਾਲੋਜੀ ਵਪਾਰਕ ਅਤੇ ਗਿਆਨ-ਵਿਗਿਆਨ, ਮਤਲਬ ਹਰ ਖੇਤਰ ਵਿਚ ਭਾਰਤ ਨੇ ਨਵੀਆਂ ਪੁਲਾਂਘਾਂ ਪੁਟੀਆਂ ਹਨ। ਹੁਣ ਸਾਡੇ ਦੇਸ਼ ਦਾ ਨਾਂ ਦੁਨੀਆਂ ਦੀਆਂ ਪੰਜ ਪ੍ਰਮਾਣੂ ਵੱਡੀਆਂ ਤਾਕਤਾਂ ਤੋਂ ਬਾਅਦ ਛੇਵੇਂ ਨੰਬਰ 'ਤੇ ਆਉਂਦਾ ਹੈ, ਇਸ ਲਈ ਹਰ ਸਾਲ ਸਾਡੇ ਦੇਸ਼ ਵਲੋਂ ਕੀਤੇ ਵਿਕਾਸ ਦਾ ਪ੍ਰਦਰਸ਼ਨ, 26 ਜਨਵਰੀ ਨੂੰ ਗਣਤੰਤਰ ਦਿਵਸ ਦੇ ਜਸ਼ਨਾਂ ਮੌਕੇ ਦਿੱਲੀ ਦੇ ਲਾਲ ਕਿਲ੍ਹੇ ਤੋਂ ਕੀਤਾ ਜਾਂਦਾ ਹੈ। ਇਨ੍ਹਾਂ ਜਸ਼ਨਾਂ ਮੌਕੇ ਸਾਡੇ ਦੇਸ਼ ਦੀ ਏਕਤਾ ਅਤੇ ਸ਼ਕਤੀ ਦੇ ਪ੍ਰਤੀਕ ਭਾਰਤੀ ਫ਼ੌਜ ਦੇ ਤਿੰਨੋਂ ਅੰਗਾਂ-ਜਲ ਸੈਨਾ, ਥਲ ਸੈਨਾ ਅਤੇ ਹਵਾਈ ਫ਼ੌਜ ਦੀਆਂ ਟੁਕੜੀਆਂ ਭਾਗ ਲੈ ਕੇ ਦੇਸ਼ ਦੀ ਮਜ਼ਬੂਤ ਫ਼ੌਜੀ ਤਾਕਤ ਦਾ ਪ੍ਰਦਰਸ਼ਨ ਕਰਦੀਆਂ ਹਨ। ਇਸ ਪਰੇਡ ਨੂੰ ਪੂਰੀ ਦੁਨੀਆਂ ਵੇਖਦੀ ਹੈ। ਇਸ ਤੋਂ ਇਲਾਵਾ ਦੇਸ਼ ਦੇ ਹਰ ਖੇਤਰ ਨਾਲ ਸਬੰਧਤ ਹੋਏ ਵਿਕਾਸ, ਭਾਰਤੀ ਸਾਇੰਸਦਾਨਾਂ ਅਤੇ ਇੰਜੀਨੀਅਰਾਂ ਦੀ ਕਾਬਲੀਅਤ ਨੂੰ ਦਰਸਾਉਂਦੀਆਂ ਝਾਕੀਆਂ ਪੇਸ਼ ਕੀਤੀਆਂ ਜਾਂਦੀਆਂ ਹਨ। ਜਿਵੇਂ ਕਿ ਸਾਰਿਆਂ ਨੂੰ ਪਤਾ ਹੀ ਹੈ ਕਿ ਭਾਰਤ ਇਕ ਬਹੁ-ਧਰਮੀ ਦੇਸ਼ ਹੈ, ਇਸ ਲਈ ਪੁਰਾਤਨ ਅਤੇ ਵਖੋ-ਵੱਖ ਸਭਿਆਚਾਰਾਂ ਦੇ ਪਿਛੋਕੜ ਦੀ ਹਾਮੀ ਭਰਦੀਆਂ, ਭਾਰਤ ਦੇ ਹਰ ਕੋਨੇ ਦੇ ਧਰਮ ਅਤੇ ਇਤਿਹਾਸ ਨਾਲ ਸਬੰਧਤ ਝਾਕੀਆਂ

ਸਿੰਘਾਂ ਦੇ ਗਤਕਾ ਖੇਡਣ ਦੇ ਕਰਤਬ ਜਿਥੇ ਸਰੀਰਕ ਫੁਰਤੀ ਨੂੰ ਦਰਸਾਉਂਦੇ ਹਨ, ਉਥੇ ਹੀ ਇਹ ਇੰਨੇ ਭਿਅੰਕਰ ਅਤੇ ਖ਼ਤਰਨਾਕ ਹਨ ਕਿ ਦਰਸ਼ਕ ਵੇਖ ਕੇ ਉਂਗਲਾਂ ਦੰਦਾਂ ਥੱਲੇ ਦਬਾਉਣ ਲਈ ਮਜਬੂਰ ਹੋ ਜਾਂਦੇ ਹਨ ਕਿ ਕਿਸ ਤਰ੍ਹਾਂ ਨੰਗੀਆਂ ਤਲਵਾਰਾਂ ਜਾਂ ਡਾਂਗਾਂ ਦੇ ਪੂਰੇ ਜ਼ੋਰ ਨਾਲ ਕੀਤੇ ਹਮਲੇ ਨੂੰ, ਸਾਹਮਣੇ ਵਾਲਾ ਅਪਣੀ ਸੂਝ-ਬੂਝ ਨਾਲ, ਢਾਲ 'ਤੇ ਰੋਕ ਕੇ ਉਸੇ ਤਰ੍ਹਾਂ ਹਮਲਾਵਰ 'ਤੇ ਪਲਟ ਕੇ ਵਾਰ ਕਰਦਾ ਹੈ। ਗਤਕੇ ਦੇ ਅਖਾੜੇ ਵਿਚ ਕਿਸ ਤਰ੍ਹਾਂ ਤਲਵਾਰਾਂ ਜਾਂ ਸੋਟੀਆਂ ਢਾਲਾਂ ਉਤੇ ਕੜਾਕ-ਕੜਾਕ ਵਜਦੀਆਂ ਹਨ, ਉਹ ਵੀ ਹੈਰਾਨੀਜਨਕ ਅਤੇ ਮਨਮੋਹਕ ਹੁੰਦਾ ਹੈ। ਪੂਰੀ ਤਰ੍ਹਾਂ ਸਿੱਖੀ ਸਰੂਪ ਵਿਚ ਸਜੇ ਨਿਹੰਗ ਸਿੰਘਾਂ ਦਾ ਇਕ-ਦੂਜੇ ਤੋਂ ਬਚਣਾ ਅਤੇ ਇਕ-ਦੂਜੇ 'ਤੇ ਹਮਲਾ ਕਰਦੇ ਸਮੇਂ ਬੜੀਆਂ ਉੱਚੀਆਂ-ਉੱਚੀਆਂ ਛਾਲਾਂ ਮਾਰਨਾ। ਗਤਕਾ ਪਾਰਟੀ ਦੇ ਨਿਹੰਗ ਸਿੰਘ ਕਿਸੇ ਸ਼ਖ਼ਸੀਅਤ ਅਤੇ ਪੇਸ਼ੇਵਰ ਫ਼ੌਜੀ ਟੁਕੜੀ ਵਾਂਗ ਪੂਰੀ ਤਰ੍ਹਾਂ ਅਨੁਸ਼ਾਸਨ ਨਾਲ ਇਕ ਤਰ੍ਹਾਂ ਦੀ ਪਰੇਡ ਹੀ ਕਰਦੇ ਨਜ਼ਰ ਆਉਂਦੇ ਹਨ।

ਗਤਕਾ ਇਕ ਜੋਸ਼ੀਲੇ ਅਤੇ ਹੁਨਰਮੰਦ ਯੋਧਿਆਂ ਦੀ ਖੇਡ ਹੈ ਜਿਸ ਨੂੰ ਸਿੱਖ ਹਮੇਸ਼ਾ ਅਪਣੇ ਅੰਗ-ਸੰਗ ਮਹਿਸੂਸ ਕਰਦੇ ਹਨ। ਗਤਕਾ ਸਿੱਖਾਂ ਦੀ ਇਕ ਦਿਲਚਸਪ ਅਤੇ ਯੁੱਧ-ਨੀਤੀ ਦ

ਦੀ ਮਿਨੀ ਪਾਰਲੀਮੈਂਟ ਵਜੋਂ ਜਾਣੀ ਜਾਂਦੀ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਹੋਰ ਸਿੱਖ ਜਥੇਬੰਦੀਆਂ ਨੂੰ ਅਤੇ ਨਿਹੰਗ ਸਿੰਘਾਂ ਦੇ ਦਲਾਂ ਨੂੰ ਵੀ ਭਾਰਤ ਸਰਕਾਰ ਨਾਲ ਸੰਪਰਕ ਕਰਨਾ ਚਾਹੀਦਾ ਹੈ ਤਾਕਿ ਸਿੱਖਾਂ ਦੇ ਇਸ ਗੌਰਵਮਈ ਅਤੇ ਸ਼ਾਨਾਂਮੱਤੇ ਇਤਿਹਾਸ ਤੋਂ ਹਰ ਦੇਸ਼ਵਾਸੀ ਜਾਣੂ ਹੋ ਸਕੇ ਅਤੇ ਭਾਰਤ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਉਹ ਗਤਕੇ ਨੂੰ 26 ਜਨਵਰੀ ਦੀ ਪਰੇਡ ਵਿਚ ਸ਼ਾਮਲ ਕਰੇ।

ਗਤਕਾ ਪਾਰਟੀ ਦੇ ਨਾਲ ਹੀ ਸਿੰਘਾਂ ਦਾ ਜੰਗਜੂ ਘੋੜ ਸਵਾਰ ਦਸਤਾ ਵੀ ਪਰੇਡ ਵਿਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ ਜਿਸ ਨਾਲ ਸਿੱਖ ਕੌਮ ਦੇ ਮਾਣ ਵਿਚ ਵਾਧਾ ਹੋਵੇਗਾ ਕਿਉਂਕਿ ਨਿਹੰਗ ਸਿੰਘਾਂ ਦੇ ਜਾਂਬਾਜ਼ ਘੋੜ ਸਵਾਰ ਪੂਰੀ ਤੇਜ਼ੀ ਨਾਲ ਨੇਜ਼ੇ ਦੇ ਕਰਤਬ ਵਿਖਾਉਂਦੇ ਹਨ। ਕਿਸ ਤਰ੍ਹਾਂ ਇਕ ਘੋੜ ਸਵਾਰ ਦੋ ਘੋੜਿਆਂ ਨੂੰ ਗੱਡੀ ਨਾਲੋਂ ਵੀ ਤੇਜ਼ ਦੌੜਾ ਕੇ, ਉਨ੍ਹਾਂ ਉਪਰ ਖੜਾ ਹੋ ਕੇ, ਦੋਵੇਂ ਹੱਥ ਛੱਡ ਕੇ, ਖ਼ਾਲਸਈ ਸ਼ਾਨ ਨੂੰ ਚਾਰ ਚੰਨ ਲਾਉਂਦਾ ਹੈ, ਇਹ ਕਰਤਬ ਸਿੱਖ ਕੌਮ ਦੀ ਚੜ੍ਹਦੀ ਕਲਾ ਦੇ ਪ੍ਰਤੀਕ ਹਨ।

ਗਤਕੇ ਦੀ ਸ਼ੁਰੂਆਤ, ਪ੍ਰਦਰਸ਼ਨ ਵਿਚ ਪੇਸ਼ ਕੀਤੇ ਜਾਣ ਵਾਲੇ ਸ਼ਸਤਰਾਂ ਨੂੰ ਮੱਥਾ ਟੇਕ ਕੇ ਤੇ ਅਰਦਾਸ ਕਰ ਕੇ ਕੀਤੀ ਜਾਂਦੀ ਹੈ। ਇਸ ਖੇਡ ਵਿਚ ਖੇਡਣ ਵਾਲੇ ਜੰਗਜੂ ਖਿਡਾਰੀਆਂ ਲਈ ਇਸ ਗੱਲ ਦਾ ਧਿਆਨ ਰਖਣਾ ਜ਼ਰੂਰੀ ਹੁੰਦਾ ਹੈ ਕਿ ਪਿੱਛੇ ਹਟਦੇ ਸਮੇਂ ਸਾਹਮਣੇ ਵਾਲੇ (ਵਾਰ ਕਰਨ ਵਾਲੇ) ਨੂੰ ਅਪਣੀ ਪਿਠ ਨਹੀਂ ਵਿਖਾਉਣੀ ਸਗੋਂ ਵਾਰ ਕਰਦੇ ਸਮੇਂ ਵਾਰ ਨੂੰ ਰੋਕ ਕੇ ਹੀ ਪਿਛੇ ਹਟਣਾ ਹੁੰਦਾ ਹੈ।

ਪੰਜਾਬ ਅਤੇ ਭਾਰਤ ਸਰਕਾਰ ਨੂੰ ਚਾਹੀਦਾ ਹੈ ਕਿ ਅਸੀ ਸਿੱਖਾਂ ਦੀ ਇਸ ਸ਼ਾਨਾਂਮੱਤੀ ਖੇਡ ਨੂੰ ਅਲੋਪ ਹੋਣ ਤੋਂ ਬਚਾਉਣ ਲਈ ਉਪਰਾਲੇ ਕਰੀਏ। ਸਕੂਲਾਂ-ਕਾਲਜਾਂ ਵਿਚ ਲਾਜ਼ਮੀ ਵਿਸ਼ੇ ਦੇ ਤੌਰ 'ਤੇ ਗਤਕੇ ਨੂੰ ਸਥਾਨ ਮਿਲਣਾ ਚਾਹੀਦਾ ਹੈ। ਬਲਾਕ ਪੱਧਰ ਤੋਂ ਲੈ ਕੇ ਕੌਮੀ ਅਤੇ ਏਸ਼ੀਆਡ ਅਤੇ ਉਲੰਪਿਕ ਖੇਡਾਂ ਵਿਚ ਵੀ ਗਤਕੇ ਨੂੰ ਯੋਗ ਸਥਾਨ ਮਿਲਣਾ ਚਾਹੀਦਾ ਹੈ। ਬਿਨਾਂ ਸ਼ੱਕ, ਭਾਵੇਂ ਹੁਣ ਤਕ ਨਿਹੰਗ ਸਿੰਘਾਂ ਦੀਆਂ ਜਥੇਬੰਦੀਆਂ ਨੇ ਸਿੱਖਾਂ ਦੇ ਇਸ ਗੌਰਵਮਈ ਵਿਰਸੇ ਨੂੰ ਸੰਭਾਲ ਕੇ ਰਖਿਆ ਹੋਇਆ ਹੈ ਪਰ ਦੁੱਖ ਦੀ ਗੱਲ ਹੈ ਕਿ ਗਤਕੇ ਨੂੰ ਸ਼੍ਰੋਮਣੀ ਕਮੇਟੀ ਅਤੇ ਹੋਰ ਸਿੱਖ ਸੰਸਥਾਵਾਂ ਵਲੋਂ ਹੁਣ ਤਕ ਅਣਗੌਲਿਆ ਹੀ ਕੀਤਾ ਹੋਇਆ ਹੈ। ਗਤਕੇ ਨੂੰ ਹੁਣ ਤਕ ਅਨਪੜ੍ਹਾਂ ਦੀ ਖੇਡ ਹੀ ਮੰਨਿਆ ਜਾਂਦਾ ਰਿਹਾ ਹੈ। ਪਰ ਹੁਣ ਕੁੱਝ ਪੜ੍ਹੇ ਲਿਖੇ ਵਰਗ ਦੀਆਂ ਸੰਸਥਾਵਾਂ ਨੇ ਗਤਕੇ ਨੂੰ

ਨਾਗਰਿਕ ਸ਼ਕਤੀ ਦੀ ਮਾਨਤਾ ਦਾ ਦਿਵਸ ਵੀ ਹੈ 26 ਜਨਵਰੀ

ਪਿਛਲੇ ਹਫ਼ਤੇ ਮੈਂ ਤੇ ਮੇਰੀ ਸਹਿਯੋਗੀ ਸਾਡੇ ਕਾਲਜ ਦੇ ਕੈਲੰਡਰ ਵਿਚ ਛੁੱਟੀਆਂ 'ਤੇ ਧਿਆਨ ਮਾਰਨ ਲੱਗ ਪਈਆਂ ਤਾਂ ਨਜ਼ਰ 26 ਜਨਵਰੀ ਦੀ ਛੁੱਟੀ 'ਤੇ ਪਈ। ਉਹ ਕਹਿਣ ਲੱਗੀ, "ਮੌਜ ਬਣ ਗਈ, ਅਪਣੀਆਂ ਦੋ ਛੁੱਟੀਆਂ ਇਕੱਠੀਆਂ ਆ ਗਈਆਂ।" ਗੱਲਾਂ ਕਰਦੇ-ਕਰਦੇ ਉਹ ਮੈਨੂੰ ਪੁੱਛਣ ਲੱਗੀ, "ਇਹ ਤਾਂ ਮੈਨੂੰ ਪਤਾ ਹੈ ਕਿ 26 ਜਨਵਰੀ ਨੂੰ ਸੰਵਿਧਾਨ ਲਾਗੂ ਹੋਇਆ ਹੈ, ਪਰ ਇਹ ਨਹੀਂ ਪਤਾ ਕਿ ਇਹ ਸੰਵਿਧਾਨ ਹੈ ਕੀ ਚੀਜ਼?"

ਮੈਂ ਉਸ ਨੂੰ ਸਮਝਾਉਂਦਿਆਂ ਦਸਿਆ ਕਿ "ਸਾਡੇ ਦੇਸ਼ ਦਾ ਸੰਵਿਧਾਨ 9 ਦਸੰਬਰ, 1946 ਨੂੰ ਬਣਨਾ ਆਰੰਭ ਹੋਇਆ ਅਤੇ 26 ਨਵੰਬਰ, 1949 ਨੂੰ ਇਹ ਸੰਵਿਧਾਨ ਕਮੇਟੀ ਵਲੋਂ ਅੰਤਮ ਰੂਪ ਵਿਚ ਪਾਸ ਕੀਤਾ ਗਿਆ। 26 ਜਨਵਰੀ, 1950 ਤੋਂ ਇਹ ਸੰਵਿਧਾਨ ਸਾਡੇ ਭਾਰਤ ਦੇਸ਼ ਵਿਚ ਲਾਗੂ ਕੀਤਾ ਗਿਆ।"

ਉਸ ਨੂੰ ਵਿਸਥਾਰ ਰੂਪ ਵਿਚ ਸੰਵਿਧਾਨ ਤੋਂ ਜਾਣੂ ਕਰਾਉਂਦਿਆਂ ਮੈਂ ਉਸ ਨੂੰ ਦਸਿਆ ਕਿ "ਸੰਵਿਧਾਨ ਇਕ ਮੌਲਿਕ ਕਾਨੂੰਨੀ ਕਿਤਾਬ ਜਾਂ ਦਸਤਾਵੇਜ਼ ਹੈ ਜਿਸ ਵਿਚ ਨਾਗਰਿਕ ਦੇ ਕੀ-ਕੀ ਮੌਲਿਕ ਜਾਂ ਮੂਲ ਅਧਿਕਾਰ ਹਨ, ਬਾਰੇ ਦਸਿਆ ਗਿਆ ਹੈ। ਦੇਸ਼ ਦੀ ਸਰਕਾਰ ਦੇ ਆਪਸੀ ਅੰਗਾਂ ਦੇ ਸਮੂਹਕ ਕਾਰਜਾਂ ਅਤੇ ਉਨ੍ਹਾਂ ਦੇ ਆਪਸੀ ਸਬੰਧਾਂ ਦੀ ਵਿਆਖਿਆ ਵੀ ਇਸੇ ਦਸਤਾਵੇਜ਼ ਵਿਚ ਕੀਤੀ ਗਈ ਹੈ, ਮਤਲਬ ਕਿ 'ਮੌਲਿਕ ਕਾਨੂੰਨ'।

ਸੰਵਿਧਾਨ ਦੇਸ਼ ਦੇ ਪ੍ਰਸ਼ਾਸਨ ਨੂੰ ਲਾਗੂ ਕਰਨ ਵਾਲੇ ਨਿਯਮਾਂ ਦਾ ਮੂਲ ਸਰੋਤ ਹੈ। ਦੇਸ਼ ਵਿਚ ਕੋਈ ਵੀ ਅਜਿਹਾ ਕਾਨੂੰਨ ਨਹੀਂ ਬਣਾਇਆ ਜਾ ਸਕਦਾ ਜੋ ਸੰਵਿਧਾਨ ਦੀ ਉਲੰਘਣਾ ਕਰਦਾ ਹੋਵੇ ਜਾਂ ਉਸ

ਅੱਜ ਸਾਡਾ ਦੇਸ਼ ਇਕ ਸਮਾਜਵਾਦੀ ਦੇਸ਼ ਦੇ ਰੂਪ ਵਿਚ ਉਭਰ ਕੇ ਸਾਹਮਣੇ ਆਇਆ ਹੈ। ਇਕ ਸੁਤੰਤਰ ਦੇਸ਼ ਵਿਚ ਕਿਸੇ ਵੀ ਨਾਗਰਿਕ ਨਾਲ ਕਿਸੇ ਵੀ ਤਰ੍ਹਾਂ ਦਾ ਵਿਤਕਰਾ ਜਾਂ ਸ਼ੋਸ਼ਣ ਨਹੀਂ ਕੀਤਾ ਜਾ ਸਕਦਾ। ਸੰਵਿਧਾਨ ਅਨੁਸਾਰ, ਹਰ ਨਾਗਰਿਕ ਨੂੰ ਅਪਣੇ ਵਿਕਾਸ ਲਈ ਇਕ ਸਮਾਨ ਮੌਕਾ ਦਿਤਾ ਜਾਣਾ ਚਾਹੀਦਾ ਹੈ।

ਸੰਵਿਧਾਨ ਅਨੁਸਾਰ ਭਾਰਤ ਇਕ ਧਰਮ ਨਿਰਪੱਖ ਦੇਸ਼ ਹੈ, ਜਿਸ ਵਿਚ ਕਿਸੇ ਵੀ ਧਰਮ ਦਾ ਅਪਮਾਨ ਜਾਂ ਵਿਰੋਧ ਨਹੀਂ ਕੀਤਾ ਜਾ ਸਕਦਾ। ਹਰ ਨਾਗਰਿਕ ਨੂੰ, ਅਪਣੀ ਇੱਛਾ ਅਨੁਸਾਰ, ਧਰਮ ਅਪਨਾਉਣ ਦਾ ਅਧਿਕਾਰ ਹੈ। ਸੰਵਿਧਾਨ ਲਾਗੂ ਹੋਣ ਤੋਂ ਬਾਅਦ ਭਾਰਤ ਵਿਚ ਲੋਕਤੰਤਰ ਰਾਜ ਸਥਾਪਤ ਹੋਇਆ। ਇਸੇ ਰਾਹੀਂ ਲੋਕ, ਨਿਰਧਾਰਤ ਸਮੇਂ ਲਈ, ਚੋਣਾਂ ਰਾਹੀਂ, ਅਪਣੇ ਪ੍ਰਤੀਨਿਧਾਂ ਦੀ ਚੋਣ ਕਰਦੇ ਹਨ। "ਹਿੰਦੀ" ਨੂੰ ਰਾਸ਼ਟਰੀ ਭਾਸ਼ਾ ਦਾ ਦਰਜਾ ਅਤੇ 15 ਹੋਰ ਰਾਸ਼ਟਰ ਭਾਸ਼ਾਵਾਂ ਨੂੰ ਮਾਨਤਾ ਵੀ ਸੰਵਿਧਾਨ ਦੁਆਰਾ ਹੀ ਮਿਲੀ ਹੈ।

ਇਕ ਗੱਲ ਹੋਰ ਧਿਆਨ ਦੇਣ ਯੋਗ ਹੈ ਕਿ ਭਾਰਤੀ ਸੰਵਿਧਾਨ ਇੰਗਲੈਂਡ ਦੇ ਸੰਵਿਧਾਨ ਦੀ ਤਰ੍ਹਾਂ ਲਚਕੀਲਾ ਜਾਂ ਅਮਰੀਕਾ ਦੇ ਸੰਵਿਧਾਨ ਦੀ ਤਰ੍ਹਾਂ ਕਠੋਰ ਨਹੀਂ ਹੈ। ਭਾਰਤੀ ਸੰਵਿਧਾਨ ਸੰਸਾਰ ਦਾ ਸੱਭ ਤੋਂ ਵੱਡੇ ਆਕਾਰ ਵਾਲਾ ਅਤੇ ਵਿਸਥਾਰ ਪੂਰਨ ਸੰਵਿਧਾਨ ਹੈ। ਪੂਰਨ ਰੂਪ ਵਿਚ ਸਾਡੇ ਹੱਕ ਅਤੇ ਅਧਿਕਾਰ ਇਸ ਸੰਵਿਧਾਨ ਦੀ ਹੀ ਦੇਣ ਹਨ।

ਅੱਜ ਅਸੀ ਲੋਕਤੰਤਰੀ ਦੇਸ਼ ਦੇ ਨਾਗਰਿਕ ਹਾਂ। ਕਿਸੇ ਵੀ ਦੇਸ਼ ਦੀ ਸੱਭ ਤੋਂ ਵੱਡੀ ਸ਼ਕਤੀ ਉਸ ਦੇ ਨਾਗਰਿਕ ਹੀ ਮੰਨੇ ਜਾਂਦੇ ਹਨ ਅਤੇ ਇਹ ਮਾਨਤਾ ਸਾਨੂੰ ਸਾਡੇ ਸੰਵਿਧਾਨ ਦੀ ਹੀ ਦੇਣ ਹੈ। ਇਸ ਲਈ 26 ਜਨਵਰੀ ਨਾ